# ਆਪਣੇ ਨਿੱਜੀ ਸੇਵਾਵਾਂ ਦੇ ਕਾਰੋਬਾਰ ਲਈ ਸਹੀ ਰੋਗਾਣੂ ਨਾਸ਼ਕ ਦੀ ਚੋਣ ਕਰਨਾ

(Selecting the Right Disinfectant for your Personal Services Business)

ਆਪਣੇ ਨਿੱਜੀ ਸੇਵਾਵਾਂ ਦੇ ਕਾਰੋਬਾਰ ਲਈ ਸਹੀ ਰੋਗਾਣੂ ਨਾਸ਼ਕ ਦੀ ਚੋਣ ਕਰਨਾ ਮਹੱਤਵਪੂਰਨ ਹੈ। ਉਪਕਰਣ ਦੇ ਕੁਝ ਹਿੱਸਿਆਂ ਨੂੰ ਦੂਜਿਆਂ ਦੇ ਮੁਕਾਬਲੇ ਜ਼ਿਆਦਾ ਤੇਜ਼ ਰੋਗਾਣੂ ਨਾਸ਼ਕਾਂ ਦੀ ਜ਼ਰੂਰਤ ਹੁੰਦੀ ਹੈ। ਉਦਾਹਰਣ ਲਈ, ਅਰਧ - ਮਹੱਤਵਪੂਰਨ ਉਪਕਰਣ ਨੂੰ ਉੱਚ ਪੱਧਰੀ ਰੋਗਾਣੂ ਨਾਸ਼ਕ ਦੀ ਜ਼ਰੂਰਤ ਹੁੰਦੀ ਹੈ, ਜਦ ਕਿ ਗੈਰ-ਮਹੱਤਵਪੂਰਨ (Non-Critical) ਉਪਕਰਣ ਨੂੰ ਸਿਰਫ ਨਿਮਨ ਜਾਂ ਵਿਚਕਾਰਲੇ ਪੱਧਰ ਦੇ ਰੋਗਾਣੂ ਨਾਸ਼ਕ ਦੀ ਹੀ ਜ਼ਰੂਰਤ ਹੁੰਦੀ ਹੈ।

## ਸਹੀ ਰੋਗਾਣੂ ਨਾਸ਼ਕ ਦੀ ਚੋਣ ਕਿਵੇਂ ਕਰੀਏ:
## (How to select the right disinfectant)

ਸਾਰੇ ਰੋਗਾਣੂ ਨਾਸ਼ਕਾਂ ਦਾ ਇੱਕ Drug Identification Number (ਡਰੱਗ ਪਛਾਣ ਨੰਬਰ, DIN) ਜਾਂ ਇੱਕ Medical Device License (ਮੈਡੀਕਲ ਡਿਵਾਈਸ ਲਾਇਸੰਸ, MDL) ਹੋਣਾ ਲਾਜ਼ਮੀ ਹੈ। U.S. ਦੀ ਵਾਤਾਵਰਣ ਰੱਖਿਆ ਏਜੰਸੀ (Environmental Protection Agency, EPA) ਜਾਂ ਭੋਜਨ ਅਤੇ ਡਰੱਗ ਪ੍ਰਸ਼ਾਸਨ (Food and Drug Administration, FDA) ਦੀਆਂ ਮਨਜ਼ੂਰੀਆਂ ਕੈਨੇਡਾ ਵਿੱਚ ਵਰਤੋਂ ਲਈ ਪ੍ਰਵਾਨ ਨਹੀਂ ਹਨ। ਆਪਣੇ ਕਾਰੋਬਾਰ ਲਈ ਸਹੀ ਕਿਸਮ ਦੇ ਰੋਗਾਣੂ ਨਾਸ਼ਕ ਦੀ ਚੋਣ ਕਰਨ ਵਿੱਚ ਸਹਾਇਤਾ ਲਈ ਹੇਠਾਂ ਦਿੱਤੇ ਚਾਰਟ ਦੀ ਵਰਤੋਂ ਕਰੋ।

### ਨਿਮਨ-ਪੱਧਰ ਦੇ ਰੋਗਾਣੂ ਨਾਸ਼ਕ
### (Low-level disinfectants)

- ਉਨ੍ਹਾਂ ਗੈਰ-ਮਹੱਤਵਪੂਰਨ (Non-Critical) ਸਤ੍ਹਾਵਾਂ ਅਤੇ ਉਸ ਉਪਕਰਣ ਨੂੰ ਰੋਗਾਣ ਮੁਕਤ ਕਰਨ ਲਈ ਜੋ ਸਿਰਫ ਗਾਹਕ ਦੇ ਵਾਲਾਂ ਜਾਂ ਬਾਹਰੀ ਚਮੜੀ ਨੂੰ ਛੂਹੰਦੇ ਹਨ
- ਲੇਬਲ ‘ਤੇ ਡਰੱਗ ਦਾ ਪਛਾਣ ਨੰਬਰ (Drug Identification Number, DIN)
- ਲੇਬਲ ‘ਤੇ ਇਹ ਸ਼ਬਦ ਲਿਖੇ ਹੋਣ: *Disinfectant*
- ਜ਼ਿਆਦਾਤਰ ਰਿਟੇਲ ਸਟੋਰਾਂ ਵਿੱਚ ਉਪਲਬਧ ਹੁੰਦੇ ਹਨ

### ਵਿਚਕਾਰਲੇ-ਪੱਧਰ ਦੇ ਰੋਗਾਣੂ ਨਾਸ਼ਕ
### (Intermediate-level disinfectants)

- Pedicure foot bath ਵਿੱਚ ਪਾਏ ਜਾਣ ਵਾਲੇ ਸੂਖਮਜੀਵ, ਜਿਨ੍ਹਾਂ ਨੂੰ ਮਾਰਨਾ ਮੁਸ਼ਕਿਲ ਹੁੰਦਾ ਹੈ, ਲਈ ਨਿਮਨ ਪੱਧਰ ਦੇ ਰੋਗਾਣੂ ਨਾਸ਼ਕ ਦੀ ਥਾਂ ‘ਤੇ ਵਰਤਿਆ ਜਾਂਦਾ ਹੈ। ਇਸਦੇ ਸੰਪਰਕ ਵਿੱਚ ਰਹਿਣ ਦਾ ਸਮਾਂ ਅਕਸਰ ਨਿਮਨ-ਪੱਧਰ ਵਾਲੇ ਰੋਗਾਣੂ ਨਾਸ਼ਕ ਦੇ ਮੁਕਾਬਲੇ ਵਿੱਚ ਘੱਟ ਹੁੰਦਾ ਹੈ।
- ਲੇਬਲ 'ਤੇ ਡਰੱਗ ਦਾ ਪਛਾਣ ਨੰਬਰ (Drug Identification Number, DIN)
- ਲੇਬਲ ‘ਤੇ ਇਹ ਸ਼ਬਦ ਲਿਖੇ ਹੋਣ: *Disinfectant ਅਤੇ ਟੀਬੀ Tuberculocidal ਜਾਂ Mycobacterium*
- ਕਸਮੈਟਿਕ, ਜੈਨੀਟੋਰੀਅਲ, ਦੰਦਾਂ ਜਾਂ ਮੈਡੀਕਲ ਸਪਲਾਈ ਕੰਪਨੀਆਂ ਕੋਲ ਉਪਲਬਧ ਹੁੰਦੇ ਹਨ

### ਉੱਚ-ਪੱਧਰੀ ਰੋਗਾਣੂ ਨਾਸ਼ਕ
### (High-level disinfectants)

- ਉਸ ਮੁੜ-ਵਰਤੋਂ ਯੋਗ ਅਰਧ – ਮਹੱਤਵਪੂਰਨ (Semi-Critical) ਉਪਕਰਣ ਨੂੰ ਰੋਗਾਣ ਮੁਕਤ ਕਰਨ ਲਈ ਜੋ ਗੈਰ-ਬਾਹਰੀ ਚਮੜੀ ਜਾਂ ਮਿਊਕਸ ਮੈਂਬ੍ਰੇਨ (ਲੇਸਦਾਰ ਝਿੱਲੀ) ਦੇ ਸੰਪਰਕ ਵਿੱਚ ਆ ਸਕਦਾ ਹੈ।
- ਮੈਡੀਕਲ ਡਿਵਾਈਸ ਲਾਇਸੰਸ (ਜੋ ਲੇਬਲ ‘ਤੇ ਨਹੀਂ ਵੀ ਹੋ ਸਕਦਾ)
- ਲੇਬਲ ‘ਤੇ ਇਹ ਸ਼ਬਦ ਲਿਖੇ ਹੋਣ: *Sporicidal ਜਾਂ High Level Disinfectant ਅਤੇ TB Tuberculocidal ਜਾਂ Mycobacterium*
- ਕੌਸਮੈਟਿਕ, ਜੈਨੀਟੋਰੀਅਲ ਦੰਦਾਂ ਜਾਂ ਮੈਡੀਕਲ ਸਪਲਾਈ ਕੰਪਨੀਆਂ ਕੋਲ ਉਪਲਬਧ ਹੁੰਦੇ ਹਨ

### ਸਹੀ ਰੋਗਾਣੂ ਮੁਕਤ ਉਪਕਰਣ ਨੂੰ ਵੀ ਯਾਦ ਰੱਖੋ:
### (Also remember the right disinfection equipment :)

- ➢ ਡਿਸਪੋਜੇਬਲ ਦਸਤਾਨੇ, ਐਪਰਨ, ਮਾਸਕ ਅਤੇ ਮਸਲਨ ਵਾਲੇ ਔਜ਼ਾਰ
- ➢ ਭਿਓਂ ਕੇ ਰੱਖਣ ਦੇ ਸਮੇਂ ਦੀ ਨਿਗਰਾਨੀ ਕਰਨ ਲਈ ਘੜੀ
- ➢ ਉਪਕਰਣ ਦੇ ਪੂਰੀ ਤਰਾਂ ਭਿੱਜਣ ਲਈ ਯੋਗ ਡੂੰਘਾਈ ਵਾਲੇ ਅਤੇ ਢੱਕਣਾਂ ਵਾਲੇ ਬਰਤਨ
- ➢ ਹਰ ਰੋਜ਼ ਉੱਚ ਪੱਧਰੀ ਰੋਗਾਣੂ ਨਾਸ਼ਕ ਦਾ ਟੈਸਟ ਕਰਨ ਲਈ ਟੈਸਟ ਸਟ੍ਰਿਪਾਂ
- ➢ ਉਪਕਰਣ Re-Processing ਕਰਨ (ਸਾਫ ਕਰਨ, ਪਾਣੀ ਵਿੱਚੋਂ ਕੱਢਣ, ਸੁਕਾਉਣ ਅਤੇ ਰੋਗਾਣੂਮੁਕਤ ਕਰਨ) ਲਈ ਥਾਂ

### ਸੁਝਾਅ! ਇਨ੍ਹਾਂ ਰੋਗਾਣੂ ਨਾਸ਼ਕਾਂ ਦੀ ਚੋਣ ਕਰੋ :
### (Tip! Select disinfectants with :)

- ➢ ਜੋ ਨਿਰਮਾਤਾਵਾਂ ਦੀਆਂ ਹਿਦਾਇਤਾਂ ਦੀ ਪਾਲਣਾ ਕਰਨ ਵਿੱਚ ਅਸਾਨ ਹੋਣ
- ➢ ਘੱਟ ਸਮੇਂ ਲਈ ਸੰਪਰਕ ਵਿੱਚ ਰਹਿਣ

PUB-0944-202006

©2020 Alberta Health Services, Safe Healthy Environments

BY NC SA

ਇਹ ਕੰਮ Creative Commons Attribution-Non-commercial-Share Alike 4.0 International license( ਕ੍ਰਿਏਟਿਵਕਾਮਨਐਟਰੀਬਿਊਸ਼ਨ-ਨਾਨ-ਕਮਰਸ਼ਿਅਲ-ਸ਼ੇਅਰ ਅਲਾਈਕ 4.0 ਇੰਟਰਨੈਸ਼ਨਲ ਲਾਇਸੰਸ) ਦੇ ਤਹਿਤ ਲਾਇਸੰਸ ਪ੍ਰਾਪਤ ਹੈ। ਜਦੋਂ ਤੱਕ ਤੁਸੀਂ ਇਸ ਕੰਮ ਦਾ ਸਿਹਰਾ Alberta Health Services ਨੂੰ ਦਿੰਦੇ ਰਹੋਗੇ ਅਤੇ ਲਾਇਸੰਸ ਦੀਆਂ ਹੋਰਨਾਂ ਸ਼ਰਤਾਂ ਦੀ ਪਾਲਣਾ ਕਰਦੇ ਰਹੋਗੇ, ਉਦੋਂ ਤੱਕ ਤੁਸੀਂ ਗੈਰ-ਵਪਾਰਕ ਉਦੇਸ਼ਾਂ ਲਈ ਕੰਮ ਦੀ ਕਾਪੀ ਕਰਨ, ਵੰਡ ਕਰਨ ਅਤੇ ਆਪਣੇ ਅਨੁਕੂਲ ਢਾਲਣ ਲਈ ਸੁਤੰਤਰ ਹੋ। ਜੇ ਤੁਸੀਂ ਇਸ ਕੰਮ ਵਿੱਚ ਕੋਈ ਫੇਰ ਬਦਲ ਕਰਦੇ ਹੋ, ਬਦਲਾਅ ਕਰਦੇ ਹੋ ਜਾਂ ਇਸ ਵਿੱਚ ਕੋਈ ਵੀ ਵਾਧਾ ਕਰਦੇ ਹੋ, ਤਾਂ ਤੁਸੀਂ ਪ੍ਰਾਪਤ ਨਤੀਜੇ ਵਾਲੇ ਕੰਮ ਨੂੰ ਸਿਰਫ ਉਸੇ ਸਮਾਨ ਜਾਂ ਅਨੁਕੂਲ ਲਾਇਸੰਸ ਦੇ ਅਧੀਨ ਹੀ ਵੰਡ ਸਕਦੇ ਹੋ। ਲਾਇਸੰਸ ਉਸ ਸਮੱਗਰੀ ਉੱਤੇ ਲਾਗੂ ਨਹੀਂ ਹੁੰਦਾ, ਜਿਸ ਲਈ Alberta Health Services ਕੋਲ ਕਾਪੀਰਾਇਟ ਮਾਲਕੀ ਨਹੀਂ ਹੈ।

ਇਹ ਸਮੱਗਰੀ ਸਿਰਫ ਆਮ ਜਾਣਕਾਰੀ ਦੇ ਉਦੇਸ਼ ਲਈ ਤਿਆਰ ਕੀਤੀ ਗਈ ਹੈ ਅਤੇ “ਜਿਵੇਂ ਹੈ” “ਜਿੱਥੇ ਹੈ” ਦੇ ਅਧਾਰ ਉੱਤੇ ਪ੍ਰਦਾਨ ਕੀਤੀ ਗਈ ਹੈ। ਹਾਲਾਂਕਿ ਜਾਣਕਾਰੀ ਦੀ ਸਟੀਕਤਾ ਦੀ ਪੁਸ਼ਟੀ ਕਰਨ ਲਈ ਢੁੱਕਵੇਂ ਯਤਨ ਕੀਤੇ ਗਏ ਸਨ, ਤਾਂ ਵੀ Alberta Health Services ਅਜਿਹੀ ਜਾਣਕਾਰੀ ਦੇ ਕਿਸੇ ਵਿਸ਼ੇਸ਼ ਉਦੇਸ਼ ਲਈ ਲਈ ਸਟੀਕਤਾ, ਭਰੋਸੇਯੋਗਤਾ, ਮੁਕੰਮਲਤਾ, ਲਾਗੂ ਹੋਣ ਯੋਗਤਾ ਜਾਂ ਅਨੁਕੂਲਤਾ ਨਾਲ ਸਬੰਧਤ ਕੋਈ ਪੇਸ਼ਕਾਰੀ ਨਹੀਂ ਕਰਦੀ ਜਾਂ ਵਰੰਟੀ ਨਹੀਂ ਦਿੰਦੀ, ਨਾ ਹੀ ਕੋਈ ਪ੍ਰਗਟਾਵਾ ਕਰਦੀ ਹੈ, ਅਤੇ ਨਾ ਹੀ ਕੋਈ ਸੰਕੇਤ ਦਿੰਦੀ ਜਾਂ ਵਿਧਾਨ ਬਣਾਉਂਦੀ ਹੈ।